*************

**ਦਾਖਲਾ ਨੋਟਿਸ ਸੈਸ਼ਨ 2021**

**ਨਿਊ ਵੋਕੇਸ਼ਨਲ ਵੈਲਫੇਅਰ ਟ੍ਰੇਨਿੰਗ ਸਕੀਮ**

**(ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ)**

ਪੰਜਾਬ ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਨਿਊ ਵੋਕੇਸ਼ਨਲ ਵੈਲਫੇਅਰ ਟ੍ਰੇਨਿੰਗ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦਾ ਦਾਖਲਾ ਕਰਨ ਸਬੰਧੀ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਦਾਖਲਾ ਕਰਨ ਲਈ ਮਿਤੀਆਂ ਦਾ ਵੇਰਵਾ ਹੇਠ ਅਨੁਸਾਰ ਹੈ:-

| | |
|---|---|
| ਅਰਜ਼ੀਆਂ ਦੇਣ ਅਤੇ ਹਾਜਰੀ ਲਗਾਉਣ ਦੀ ਆਖਰੀ ਮਿਤੀ | 29-10-2021 ਸ਼ਾਮ 05 ਵਜੇ ਤੱਕ |
| ਵੈਬਸਾਈਟ www.itipunjab.nic.in ਤੇ ਰਜਿਸ਼ਟਰੇਸ਼ਨ ਕਰਨ ਦੀ ਆਖਰੀ ਮਿਤੀ | 29-10-2021 ਸ਼ਾਮ 05 ਵਜੇ ਤੋਂ ਬਾਦ |
| ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ | 30-10-2021 ਦੁਪਿਹਰ 01 ਵਜੇ ਤੱਕ |
| ਮੈਰਿਟ ਲਿਸਟਾਂ ਸਬੰਧੀ ਉਮੀਦਵਾਰਾਂ ਦੀ ਸ਼ਿਕਾਇਤਾਂ ਦਾ ਨਿਪਟਾਰਾ | 30-10-2021 ਦੁਪਿਹਰ 01 ਤੋਂ ਦੁਪਿਹਰ 03 ਵਜੇ ਤੱਕ |
| ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ/ ਸਿਲੈਕਸ਼ਨ | 30-10-2021 ਨੂੰ ਦੁਪਿਹਰ 03 ਵਜੇ ਤੋਂ ਸਾਮ ਤੱਕ |
| ਕਲਾਸਾਂ ਲਗਾਉਣ ਦੀ ਮਿਤੀ | 01-11-2021 |

ਉਦਯੋਗਿਕ ਸਿਖਲਾਈ ਸੰਸਥਾ ਸਮੇਤ ਟਰੇਡ (ਯੂਨਿਟ) ਜਿਨ੍ਹਾਂ ਵਿੱਚ ਦਾਖਲਾ ਕੀਤਾ ਜਾ ਰਿਹਾ ਹੈ, ਦੀ ਸੂਚੀ ਵਿਭਾਗ ਦੀ ਵੈਬਸਾਈਟ www.punjabitis.gov.in ਉਪਰ ਉਪਲੱਬਧ ਹੈ, ਵੇਖੀ ਜਾ ਸਕਦੀ ਹੈ।

<u>ਜਰੂਰੀ ਨੋਟ</u>

| | |
|---|---|
| 1. | ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਉਮੀਦਵਾਰ ਮਿਤੀ 29-10-2021 ਸ਼ਾਮ 05 ਵਜੇ ਤੱਕ ਸੰਸਥਾ ਵਿਖੇ ਆਪਣੀ ਅਰਜੀ ਦਿੰਦੇ ਹੋਏ ਹਾਜਰੀ ਲਗਾਉਣਗੇ। ਨਿਰਧਾਰਤ ਸਮੇਂ ਤੱਕ ਜਿੰਨੀਆਂ ਅਰਜੀਆਂ ਪ੍ਰਾਪਤ ਹੋਣਗੀਆਂ, ਉਨਾਂ ਉਮੀਦਵਾਰਾਂ ਦੀ ਸਬੰਧਤ ਸੰਸਥਾਵਾਂ ਵਲੋਂ ਮਿਤੀ 29-10-2021 ਨੂੰ ਸ਼ਾਮ 05 ਵਜੇ ਤੋਂ ਬਾਦ ਵੈਬਸਾਈਟ www.itipunjab.nic.in ਤੇ ਰਜਿਸ਼ਟਰੇਸ਼ਨ ਕੀਤੀ ਜਾਵੇ। ਇਸ ਸਕੀਮ ਤਹਿਤ ਦਾਖਲੇ ਲਈ ਰਜਿਸ਼ਟਰੇਸ਼ਨ ਕਰਵਾਈ ਜਾਣੀ ਲਾਜਮੀ ਹੋਵੇਗੀ। |
| 2. | ਕੋਵਿਡ-19 ਕਾਰਨ ਰਾਜ ਸਰਕਾਰ ਅਤੇ ਭਾਰਤ ਸਰਕਾਰ ਦੀਆਂ ਗਾਈਡ ਲਾਈਨਜ਼ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਕੋਵਿਡ-19 ਕਾਰਨ ਮਾਸਕ ਪਾਉਣਾ, ਸੈਨੇਟਾਈਜ਼ ਨਾਲ ਹੱਥ ਸਾਫ, ਸੋਸ਼ੀਅਲ ਡਿਸਟੈਂਸਿੰਗ ਆਦਿ ਅਤੇ ਹੋਰ ਹਦਾਇਤਾਂ ਦਾ ਖਾਸ ਧਿਆਨ ਰੱਖਿਆ ਜਾਵੇ। |
| 3. | ਦਾਖਲੇ ਦੀ ਇੰਟਰਵਿਊ ਲਈ ਉਮੀਦਵਾਰਾਂ ਨੂੰ ਕੋਈ ਵੱਖਰਾ ਸੱਦਾ ਪੱਤਰ ਨਹੀਂ ਭੇਜਿਆ ਜਾਵੇਗਾ। |
| 4. | ਉਮੀਦਵਾਰ ਚੋਣ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ। |
| 5. | ਦਾਖਲੇ ਲਈ ਜਿੰਨੀਆਂ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ, ਉਨਾਂ ਦੀ ਇਕੋ ਹੀ ਮੈਰਿਟ ਲਿਸਟ ਤਿਆਰ ਕੀਤੀ ਜਾਵੇਗੀ। |

| | |
|---|---|
| 6. | ਅਨੁਸੂਚਿਤ ਜਾਤੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜਾਰੀ ਕੀਤਾ ਅਸਲ ਜਾਤੀ ਸਰਟੀਫਿਕੇਟ ਅਤੇ ਢਾਈ ਲੱਖ ਰੁਪਏ ਤੋਂ ਘੱਟ ਸਲਾਨਾ ਆਮਦਨ ਸਰਟੀਫਿਕੇਟ ਨਾਲ ਲੈ ਕੇ ਆਉਣਗੇ। ਇੰਟਰਵਿਊ ਦੀ ਮਿਤੀ ਨੂੰ ਅਜਿਹੇ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸ ਨੂੰ ਦਾਖਲੇ ਲਈ ਵਿਚਾਰਿਆ ਨਹੀਂ ਜਾਵੇਗਾ। |
| 7. | ਜੇਕਰ ਕੌਂਸਲਿੰਗ ਸੁਰੂ ਹੋਣ ਤੇ ਆਪਣੀ ਮੈਰਿਟ ਅਨੁਸਾਰ ਉਮੀਦਵਾਵਰ ਹਾਜ਼ਰ ਨਹੀਂ ਹੁੰਦਾ ਤਾਂ ਉਸ ਤੋਂ ਹੇਠਾਂ ਵਾਲੇ ਉਮੀਦਵਾਰ ਨੂੰ ਟਰੇਡ ਵਿੱਚ ਸੀਟ ਮਿਲ ਜਾਵੇਗੀ। ਲੇਟ ਆਉਣ ਦੀ ਸੂਰਤ ਵਿੱਚ ਸੀਟ ਸਬੰਧੀ, ਕਲੇਮ ਨਹੀ ਹੋਵੇਗਾ ਅਤੇ ਉਸ ਦੇ ਆਉਣ ਸਮੇਂ ਜਿਹੜੀ ਮੈਰਿਟ ਤੇ ਕੌਂਸਲਿੰਗ ਚਲ ਰਹੀ ਹੋਵੇਗੀ, ਤੇ ਵਿਚਾਰਿਆ ਜਾਵੇਗਾ। |
| 8. | ਉਮੀਦਵਾਰਾਂ ਨੂੰ ਇੰਟਰਵਿਊ ਤੇ ਹਾਜਰ ਹੋਣ ਲਈ ਕੋਈ ਟੀ.ਏ/ ਡੀ.ਏ ਨਹੀਂ ਦਿੱਤਾ ਜਾਵੇਗਾ। |
| 9. | ਸੰਸਥਾ ਮੁੱਖੀ ਵਲੋਂ ਟਰੇਡਾਂ ਦੀ ਮਾਨਤਾ (ਐਸ.ਸੀ.ਵੀ.ਟੀ ਜਾਂ ਐਨ.ਸੀ.ਵੀ.ਟੀ ਟਰੇਡਾਂ) ਦਾ ਵੇਰਵਾ ਸੰਸਥਾ ਦੇ ਨੋਟਿਸ ਬੋਰਡ ਉਪਰ ਡਿਸਪਲੇਅ ਕਰਵਾਇਆ ਜਾਵੇਗਾ। |
| 10. | ਇਸ ਸਕੀਮ ਦੀ ਵਧੇਰੇ ਜਾਣਕਾਰੀ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਐਸ.ਸੀ.ਓ ਨੰ: 6-7, ਫੇਜ਼-1, (ਓਲਡ ਬਿਲਡਿੰਗ) ਐਸ.ਏ.ਐਸ. ਨਗਰ (ਮੋਹਾਲੀ) ਅਤੇ ਰਾਜ ਦੇ ਜ਼ਿਲਿਆ ਵਿੱਚ ਸਬੰਧਤ ਜਿਲ੍ਹਾ ਭਲਾਈ ਅਫਸਰ ਅਤੇ ਸਬੰਧਤ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀਆਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਨ੍ਹਾਂ ਟਰੇਡਾਂ ਦੀ ਸਿਖਲਾਈ, ਭਲਾਈ ਵਿਭਾਗ ਵਲੋਂ ਸਪੌਂਸਰ ਕੀਤੀ ਜਾ ਰਹੀ ਹੈ। |
| 11. | ਦਾਖਲੇ ਲਈ ਚਾਹਵਾਨ ਬਿਨੈਕਾਰ ਨੂੰ ਦਾਖਲੇ ਸਬੰਧੀ ਦਿੱਕਤ ਪੇਸ਼ ਆਉਂਦੀ ਹੈ ਤਾਂ COVID-19 ਸਬੰਧੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ, ਉਮੀਦਵਾਰ ਸਬੰਧਤ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਮੁੱਖੀ ਨਾਲ, ਜਾਂ Help line phone: 9041504733 ਤੇ ਸੰਪਰਕ ਕਰ ਸਕਦਾ ਹੈ। |

ਮਿਤੀ 25-10-2021

ਤਨੂ ਕਸ਼ਅਪ ਆਈ ਏ ਐਸ.
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।